# ਅੱਤਵਾਦ ਐਕਟ 2000 ਦੇ ਤਹਿਤ ਹਿਰਾਸਤ ਵਿੱਚ ਲਏ ਵਿਅਕਤੀਆਂ ਲਈ ਹੱਕ-ਪੱਤਰ

ਇਹ ਪੱਤਰ ਤੁਹਾਨੂੰ ਸਕਾਟਲੈਂਡ ਕਨੂੰਨ ਦੇ ਤਹਿਤ ਤੁਹਾਡੇ ਹੱਕਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ ਜਦੋਂ ਤੁਸੀਂ ਪੁਲਿਸ ਸਟੇਸ਼ਨ ਦੀ ਹਿਰਾਸਤ ਵਿੱਚ ਹੁੰਦੇ ਹੋ। ਇਹ ਦਸਤਾਵੇਜ਼ ਤੁਹਾਨੂੰ ਆਪਣੇ ਹਿਰਾਸਤ ਦੇ ਮੁੱਖ ਹੱਕਾਂ ਬਾਰੇ ਦੱਸਦਾ ਹੈ। ਇਹ ਕੋਈ ਕਨੂੰਨੀ ਸਲਾਹ ਨਹੀਂ ਹੈ ਅਤੇ ਇਸ ਵਿੱਚ ਤੁਹਾਨੂੰ ਆਪਣੇ ਸਾਰੇ ਹੱਕਾਂ ਬਾਰੇ ਨਹੀਂ ਦੱਸਿਆ ਜਾਂਦਾ ਹੈ। ਤੁਹਾਨੂੰ ਆਪਣੇ-ਆਪ ਵਾਸਤੇ ਸੁਤੰਤਰ ਕਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਕਿਰਪਾ ਕਰਕੇ ਜਿੰਨੀ ਛੇਤੀ ਹੋ ਸਕੇ ਇਸ ਜਾਣਕਾਰੀ ਨੂੰ ਪੜ੍ਹੋ। ਇਹ ਪੁਲਿਸ ਸਟੇਸ਼ਨ ਵਿੱਚ ਹੋਣ ਦੌਰਾਨ ਫ਼ੈਸਲੇ ਲੈਣ ਵਿੱਚ ਤੁਹਾਡੀ ਸਹਾਇਤਾ ਕਰੇਗੀ। ਜੇਕਰ ਤੁਸੀਂ ਅਸਾਨ ਭਾਸ਼ਾ ਵਾਲੀ ਕਾਪੀ ਜਾਂ ਅਨੁਵਾਦ ਚਾਹੁੰਦੇ ਹੋ ਅਤੇ ਜੇਕਰ ਇਸ ਪੱਤਰ ਵਿੱਚ ਤੁਹਾਨੂੰ ਕੁੱਝ ਵੀ ਸਮਝ ਨਹੀਂ ਆਉਂਦਾ ਤਾਂ ਸਮਝਾਉਣ ਲਈ ਪੁਲਿਸ ਨੂੰ ਆਖੋ।

**ਆਪਣੇ ਹੱਕ ਯਾਦ ਰੱਖੋ:**

- ਤੁਹਾਨੂੰ ਇਹ ਜਾਣਨ ਦਾ ਹੱਕ ਹੈ ਕਿ ਪੁਲਿਸ ਤੁਹਾਨੂੰ ਹਿਰਾਸਤ ਵਿੱਚ ਕਿਉਂ ਲੈ ਰਹੀ ਹੈ।

- ਤੁਹਾਨੂੰ ਵਕੀਲ ਨੂੰ ਇਹ ਦੱਸਣ ਦਾ ਹੱਕ ਹੈ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਇਹ ਮੁਫ਼ਤ ਹੈ।

- ਤੁਹਾਨੂੰ ਉਸ ਕਿਸੇ ਵੀ ਵਿਅਕਤੀ ਨੂੰ, ਜੋ ਤੁਹਾਨੂੰ ਸਹੀ-ਸਲਾਮਤ ਦੇਖਣਾ ਚਾਹੁੰਦਾ ਹੈ, ਇਹ ਦੱਸਣ ਦਾ ਹੱਕ ਹੈ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਉਦਾਹਰਣ ਲਈ, ਇਹ ਕੋਈ ਪਰਿਵਾਰਕ ਮੈਂਬਰ, ਦੇਖਭਾਲਕਰਤਾ ਜਾਂ ਕੋਈ ਦੋਸਤ ਹੋ ਸਕਦਾ ਹੈ।

- ਤੁਹਾਨੂੰ ਚੁੱਪ ਰਹਿਣ ਦਾ ਹੱਕ ਹੈ। ਤੁਹਾਨੂੰ ਪੁਲਿਸ ਦੁਆਰਾ ਪੁੱਛੇ ਜਾਣ ਵਾਲੇ ਕਿਸੇ ਵੀ ਸਵਾਲ ਦਾ ਉੱਤਰ ਦੇਣ ਦੀ ਲੋੜ ਨਹੀਂ ਹੈ। ਪਰ ਤੁਹਾਨੂੰ ਆਪਣਾ ਨਾਮ, ਪਤਾ, ਜਨਮ-ਤਰੀਕ, ਆਪਣੇ ਜਨਮ-ਸਥਾਨ ਅਤੇ ਆਪਣੀ ਰਾਸ਼ਟਰੀਅਤਾ ਬਾਰੇ ਦੱਸਣਾ ਪਵੇਗਾ।

- ਪੁਲਿਸ ਵੱਲੋਂ ਕੋਈ ਵੀ ਸਵਾਲ ਪੁੱਛਣ ਤੋਂ ਪਹਿਲਾਂ ਤੁਹਾਨੂੰ ਬਿਨਾਂ ਕਿਸੇ ਦੇਰੀ ਤੋਂ ਆਪਣੇ ਵਕੀਲ ਨਾਲ ਇਕੱਲੇ ਗੱਲਬਾਤ ਕਰਨ ਦਾ ਹੱਕ ਹੈ। ਜਦੋਂ ਪੁਲਿਸ ਤੁਹਾਡੇ ਤੋਂ ਸਵਾਲ ਪੁੱਛ ਰਹੀ ਹੁੰਦੀ ਹੈ ਤਾਂ ਤੁਹਾਨੂੰ ਕਿਸੇ ਵੀ ਸਮੇਂ ਆਪਣੇ ਵਕੀਲ ਨਾਲ ਗੱਲਬਾਤ ਕਰ ਸਕਦੇ ਹੋ।

- ਜੇਕਰ ਤੁਹਾਡੀ ਉਮਰ 16 ਜਾਂ 18 ਤੋਂ ਘੱਟ ਹੈ ਅਤੇ ਤੁਸੀਂ ਲਾਜ਼ਮੀ ਨਿਗਰਾਨੀ ਦੇ ਹੁਕਮ ਤਹਿਤ ਹਿਰਾਸਤ ਵਿੱਚ ਲਏ ਗਏ ਹੋ, ਤਾਂ ਤੁਹਾਨੂੰ ਪੁਲਿਸ ਸਟੇਸ਼ਨ ਵਿੱਚ ਆਪਣੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਬੁਲਾਉਣ ਦਾ ਹੱਕ ਵੀ ਹੈ।

## ਤੁਹਾਡੇ ਹੱਕ

ਕਿਰਪਾ ਕਰਕੇ ਧਿਆਨ ਦਿਓ: ਕੁੱਝ ਅਸਧਾਰਨ ਹਾਲਤਾਂ ਵਿੱਚ, ਪੁਲਿਸ ਨੂੰ ਇਨ੍ਹਾਂ ਵਿੱਚੋਂ ਕੁੱਝ ਹੱਕਾਂ ਤੱਕ ਤੁਹਾਡੀ ਪਹੁੰਚ ਵਿੱਚ ਦੇਰੀ ਕਰਨ ਜਾਂ ਰੋਕਣ ਦਾ ਹੱਕ ਹੈ। ਉਦਾਹਰਣ ਲਈ, ਜੇਕਰ ਪੁਲਿਸ ਨੂੰ ਲੱਗਦਾ ਹੈ ਕਿ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਉਨ੍ਹਾਂ ਨੂੰ ਤੁਹਾਡੇ ਨਾਲ ਗੱਲ ਕਰਨ ਦੀ ਲੋੜ ਹੈ। **ਇਸ ਵਿੱਚ ਤੁਹਾਡੇ ਚੁੱਪ ਰਹਿਣ ਦਾ ਹੱਕ ਸ਼ਾਮਲ ਨਹੀਂ ਹੈ।**

## 1. ਪੁਲਿਸ ਹਿਰਾਸਤ ਵਿੱਚ ਰੱਖੇ ਗਏ ਲੋਕਾਂ ਲਈ ਜਾਣਕਾਰੀ

- ### ਇਹ ਜਾਣਨਾ ਕਿ ਤੁਹਾਨੂੰ ਕਿਉਂ ਗ੍ਰਿਫ਼ਤਾਰ ਕਰਕੇ ਹਿਰਾਸਤ ਵਿੱਚ ਲਿਆ ਗਿਆ ਹੈ

ਪੁਲਿਸ ਲਾਜ਼ਮੀ ਤੌਰ 'ਤੇ ਤੁਹਾਨੂੰ ਇਹ ਜਾਣਕਾਰੀ ਪ੍ਰਦਾਨ ਕਰੇਗੀ ਤਾਂ ਜੋ ਤੁਸੀਂ ਸਮਝ ਸਕੋਂ ਕਿ ਤੁਹਾਨੂੰ ਕਿਉਂ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਅਤੇ ਅੱਤਵਾਦ ਨੂੰ ਸ਼ੁਰੂ ਕਰਨ, ਤਿਆਰੀ ਕਰਨ ਜਾਂ ਇਸਨੂੰ ਭੜਕਾਉਣ ਲਈ ਕਿਉਂ ਤੁਹਾਡੇ 'ਤੇ ਸ਼ੱਕ ਕੀਤਾ ਗਿਆ ਹੈ।

ਪੁਲਿਸ ਸਟੇਸ਼ਨ ਵਿੱਚ ਪੁਲਿਸ ਲਾਜ਼ਮੀ ਹੀ ਤੁਹਾਨੂੰ ਇਸ ਬਾਰੇ ਦੱਸੇਗੀ ਕਿ ਉਨ੍ਹਾਂ ਨੂੰ ਕਿਉਂ ਲੱਗਦਾ ਹੈ ਕਿ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਣਾ ਚਾਹੀਦਾ ਹੈ।
ਅੱਤਵਾਦ ਵਿੱਚ ਤੁਹਾਡੇ ਸ਼ਾਮਲ ਹੋਣ ਦੇ ਸ਼ੱਕ ਬਾਰੇ ਤੁਹਾਨੂੰ ਕੋਈ ਸਵਾਲ ਪੁੱਛੇ ਜਾਣ ਤੋਂ ਪਹਿਲਾਂ, ਪੁਲਿਸ ਲਾਜ਼ਮੀ ਹੀ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਇਸ ਬਾਰੇ ਕਾਫੀ ਜਾਣਕਾਰੀ ਪ੍ਰਦਾਨ ਕਰੇਗੀ ਕਿ ਉਨ੍ਹਾਂ ਨੂੰ ਕੀ ਲੱਗਦਾ ਹੈ ਜੋ ਤੁਸੀਂ ਕੀਤਾ ਹੈ ਤਾਂ ਜੋ ਤੁਸੀਂ ਪੁਲਿਸ ਜਾਂਚ ਨੂੰ ਨੁਕਸਾਨ ਪਹੁੰਚਾਏ ਬਿਨਾਂ ਆਪਣਾ ਬਚਾਅ ਕਰ ਸਕੋ।

- ### ਚੁੱਪ ਰਹਿਣ ਦਾ ਹੱਕ

ਪੁਲਿਸ ਨੂੰ ਜੋ ਲੱਗਦਾ ਹੈ ਕਿ ਤੁਸੀਂ ਕੀਤਾ ਹੈ, ਉਸ ਬਾਰੇ ਕੋਈ ਵੀ ਸਵਾਲ ਪੁੱਛੇ ਜਾਣ 'ਤੇ ਤੁਹਾਨੂੰ ਜਵਾਬ ਦੇਣ ਦੀ ਲੋੜ ਨਹੀਂ ਹੈ।

ਤੁਸੀਂ ਜੋ ਵੀ ਕਹੋਗੇ ਉਸ ਨੂੰ ਲਿਖਿਆ ਜਾਂ ਰਿਕਾਰਡ ਕੀਤਾ ਜਾਵੇਗਾ ਅਤੇ ਜੇਕਰ ਤੁਹਾਡਾ ਕੇਸ ਅਦਾਲਤ ਵਿੱਚ ਲਿਜਾਇਆ ਜਾਂਦਾ ਹੈ, ਤਾਂ ਮੁਕੱਦਮੇ ਵਿੱਚ ਸਬੂਤ ਵਜੋਂ ਇਸਨੂੰ ਵਰਤਿਆ ਜਾ ਸਕਦਾ ਹੈ।

ਤੁਹਾਨੂੰ ਆਪਣਾ ਨਾਮ ਅਤੇ ਪਤਾ, ਜਨਮ ਤਰੀਕ, ਜਨਮ-ਸਥਾਨ ਅਤੇ ਕੌਮੀਅਤ ਬਾਰੇ ਦੱਸਣਾ ਪਵੇਗਾ ਜੇਕਰ ਪੁਲਿਸ ਇਨ੍ਹਾਂ ਵੇਰਵਿਆਂ ਬਾਰੇ ਤੁਹਾਡੇ ਤੋਂ ਪੁੱਛਦੀ ਹੈ।

- ### ਵਕੀਲ ਨੂੰ ਦੱਸਣਾ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ

ਤੁਸੀਂ ਪੁਲਿਸ ਨੂੰ ਵਕੀਲ ਨੂੰ ਇਹ ਦੱਸਣ ਲਈ ਕਹਿ ਸਕਦੇ ਹੋ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਇਹ ਤੁਹਾਡਾ ਆਪਣਾ ਵਕੀਲ ਹੋ ਸਕਦਾ ਹੈ, ਜਾਂ ਜੇਕਰ ਤੁਸੀਂ ਕਿਸੇ ਵਕੀਲ ਨੂੰ ਨਹੀਂ ਜਾਣਦੇ, ਤਾਂ ਆਨ-ਕਾਲ ਵਕੀਲ ਵੀ ਹੋ ਸਕਦਾ ਹੈ। ਪੁਲਿਸ ਜਲਦ ਤੋਂ ਜਲਦ ਕਿਸੇ ਵਕੀਲ ਨਾਲ ਸੰਪਰਕ ਕੀਤੇ ਜਾਣ ਦਾ ਪ੍ਰਬੰਧ ਕਰੇਗੀ। ਇਸਦੀ ਕੋਈ ਫੀਸ ਨਹੀਂ ਹੈ।

ਕੋਈ ਵੀ ਵਿਅਕਤੀ ਜੋ ਤੁਹਾਨੂੰ ਸਹੀ-ਸਲਾਮਤ ਦੇਖਣਾ ਚਾਹੁੰਦਾ ਹੈ, ਉਸਨੂੰ ਦੱਸਣਾ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ।

ਤੁਸੀਂ ਪੁਲਿਸ ਨੂੰ ਕਿਸੇ ਹੋਰ ਵਿਅਕਤੀ ਨੂੰ ਇਹ ਦੱਸਣ ਲਈ ਕਹਿ ਸਕਦੇ ਹੋ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਇਹ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ, ਤੁਹਾਡਾ ਜੀਵਨਸਾਥੀ, ਤੁਹਾਡਾ ਦੇਖਭਾਲਕਰਤਾ, ਤੁਹਾਡਾ ਦੋਸਤ ਜਾਂ ਤੁਹਾਡੀ ਜਾਣ-ਪਛਾਣ ਦਾ ਕੋਈ ਹੋਰ ਵਿਅਕਤੀ ਹੋ ਸਕਦਾ ਹੈ। ਉਹ ਜਿੰਨਾ ਜਲਦੀ ਹੋ ਸਕੇ ਉਸ ਨਾਲ ਸੰਪਰਕ ਕਰਨਗੇ।

## ਜੇਕਰ ਤੁਹਾਡੀ ਉਮਰ 16 ਤੋਂ ਘੱਟ ਹੈ (ਜਾਂ 18 ਤੋਂ ਘੱਟ ਹੈ ਅਤੇ ਤੁਸੀਂ ਲਾਜ਼ਮੀ ਨਿਗਰਾਨੀ ਦੇ ਹੁਕਮ ਅਧੀਨ ਹੋ)

- ਪੁਲਿਸ ਲਾਜ਼ਮੀ ਹੀ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਇਸ ਬਾਰੇ ਦੱਸਣ ਦੀ ਕੋਸ਼ਿਸ਼ ਕਰੇਗੀ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ।

- **ਸਹਾਇਤਾ ਲਈ ਅਨੁਵਾਦਕ ਵਾਸਤੇ ਕਹਿਣਾ**

ਜੇਕਰ ਤੁਹਾਨੂੰ ਅੰਗਰੇਜ਼ੀ ਬੋਲਣੀ ਨਹੀਂ ਆਉਂਦੀ ਜਾਂ ਸਮਝ ਨਹੀਂ ਆਉਂਦੀ, ਤਾਂ ਪੁਲਿਸ ਸਹਾਇਤਾ ਲਈ ਤੁਹਾਡੀ ਭਾਸ਼ਾ ਬੋਲਣ ਵਾਲੇ ਕਿਸੇ ਵਿਅਕਤੀ (ਇੱਕ ਅਨੁਵਾਦਕ) ਦਾ ਪ੍ਰਬੰਧ ਕਰੇਗੀ। ਇਹ ਮੁਫ਼ਤ ਹੈ। ਇਹ ਜ਼ਰੂਰੀ ਹੈ ਕਿ ਪੁਲਿਸ ਸਟੇਸ਼ਨ ਵਿੱਚ ਜੋ ਕੁੱਝ ਵੀ ਕਿਹਾ ਜਾ ਰਿਹਾ ਹੈ ਉਹ ਤੁਹਾਨੂੰ ਸਮਝ ਆਵੇ।

ਜੇਕਰ ਤੁਹਾਨੂੰ ਸੁਣਦਾ ਨਹੀਂ ਹੈ ਜਾਂ ਸਪਸ਼ਟ ਸੰਚਾਰ ਕਰਨ ਵਿੱਚ ਮੁਸ਼ਕਲ ਹੈ, ਤਾਂ ਪੁਲਿਸ ਤੁਹਾਡੀ ਸਹਾਇਤਾ ਲਈ ਕਿਸੇ ਹੋਰ ਦੀ ਵਿਵਸਥਾ ਕਰੇਗੀ। ਇਹ ਬ੍ਰਿਟਿਸ਼ ਸੰਕੇਤ ਭਾਸ਼ਾ ਅਨੁਵਾਦਕ ਜਾਂ ਕੋਈ ਹੋਰ ਉਪਯੁਕਤ ਪੇਸ਼ੇਵਰ ਹੋ ਸਕਦਾ ਹੈ। ਇਹ ਮੁਫ਼ਤ ਹੈ।

- **ਜੇਕਰ ਤੁਸੀਂ ਬ੍ਰਿਟਿਸ਼ ਨਹੀਂ ਹੋ**

ਜੇਕਰ ਤੁਸੀਂ ਬ੍ਰਿਟਿਸ਼ ਨਹੀਂ ਹੋ, ਤਾਂ ਤੁਸੀਂ ਪੁਲਿਸ ਨੂੰ ਆਪਣੇ ਹਾਈ ਕਮਿਸ਼ਨ, ਦੂਤਾਵਾਸ ਜਾਂ ਕੌਂਸਲੇਟ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ, ਤਾਂ ਕਿ ਉਨ੍ਹਾਂ ਨੂੰ ਦੱਸਿਆ ਜਾ ਸਕੇ ਕਿ ਤੁਸੀਂ ਕਿੱਥੇ ਹੋ ਅਤੇ ਤੁਸੀਂ ਪੁਲਿਸ ਸਟੇਸ਼ਨ ਵਿੱਚ ਕਿਉਂ ਹੋ। ਉਹ ਤੁਹਾਨੂੰ ਇਕੱਲੇ ਵਿੱਚ ਵੀ ਮਿਲ ਸਕਦੇ ਹਨ ਅਤੇ ਤੁਹਾਡੇ ਮਿਲਣ ਲਈ ਇੱਕ ਵਕੀਲ ਦਾ ਪ੍ਰਬੰਧ ਵੀ ਕਰ ਸਕਦੇ ਹਨ।

- **ਜੇਕਰ ਤੁਸੀਂ ਦੋਸ਼ੀ ਸਾਬਤ ਹੁੰਦੇ ਹੋ ਤਾਂ ਕੀ ਹੁੰਦਾ ਹੈ?**

ਜੇਕਰ ਤੁਹਾਨੂੰ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਤੁਹਾਨੂੰ ਹਿਰਾਸਤ ਤੋਂ ਰਿਹਾ ਕੀਤਾ ਜਾ ਸਕਦਾ ਹੈ ਜਾਂ ਤੁਹਾਨੂੰ ਅਗਲੇ ਕੰਮਕਾਜੀ ਦਿਨ ਪੁਲਿਸ ਸਟੇਸ਼ਨ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਅਦਾਲਤ ਵਿੱਚ ਲਿਜਾਇਆ ਜਾ ਸਕਦਾ ਹੈ। ਜਾਂ ਤੁਹਾਨੂੰ ਰਿਹਾ ਕੀਤਾ ਜਾ ਸਕਦਾ ਹੈ ਜੇਕਰ ਤੁਸੀਂ ਨਿਰਧਾਰਿਤ ਮਿਤੀ ਨੂੰ ਅਦਾਲਤ ਵਿੱਚ ਜਾਣ ਲਈ ਸਹਿਮਤ ਹੋ ਜਾਂਦੇ ਹੋ।

- **ਦਸਤਾਵੇਜ਼ਾਂ ਤੱਕ ਪਹੁੰਚ**

ਜੇਕਰ ਤੁਹਾਡਾ ਕੇਸ ਅਦਾਲਤ ਵਿੱਚ ਜਾਂਦਾ ਹੈ ਤਾਂ ਉਸ ਸਥਿਤੀ ਵਿੱਚ ਸਬੂਤ ਦਾ ਇੱਕ ਨੋਟ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਦਿੱਤਾ ਜਾਵੇਗਾ। ਇਸ ਨਾਲ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਆਪਣਾ ਬਚਾਅ-ਪੱਖ ਤਿਆਰ ਕਰਨ ਦਾ ਮੌਕਾ ਮਿਲੇਗਾ।

ਜੇਕਰ ਤੁਹਾਨੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ ਤਾਂ ਤੁਹਾਨੂੰ ਸੰਬੰਧਿਤ ਜਾਣਕਾਰੀ ਦਾ ਅਨੁਵਾਦ ਪ੍ਰਾਪਤ ਕਰਨ ਦਾ ਹੱਕ ਹੈ।

- **ਮੈਡੀਕਲ ਸਹਾਇਤਾ ਤੱਕ ਪਹੁੰਚ**

ਪੁਲਿਸ ਤੁਹਾਨੂੰ ਆਪਣੀ ਸਿਹਤ ਅਤੇ ਤੰਦਰੁਸਤੀ ਬਾਰੇ ਸਵਾਲ ਪੁੱਛੇਗੀ। ਜੇਕਰ ਤੁਹਾਨੂੰ ਕੋਈ ਵੀ ਬਿਮਾਰੀ ਹੈ ਜਾਂ ਤੁਹਾਡੀ ਦਵਾਈ ਚੱਲਦੀ ਹੈ ਤਾਂ ਪੁਲਿਸ ਨੂੰ ਇਸ ਬਾਰੇ ਦੱਸਣਾ ਜ਼ਰੂਰੀ ਹੈ। ਜੇਕਰ ਤੁਹਾਨੂੰ ਕਿਸੇ ਵੀ ਨਸ਼ੇ ਜਾਂ ਸ਼ਰਾਬ ਦੀ ਲੱਤ ਲੱਗੀ ਹੈ ਜਾਂ ਜੇਕਰ ਤੁਸੀਂ ਖੁਦ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਰਹੇ ਹੋ ਤਾਂ ਵੀ ਪੁਲਿਸ ਨੂੰ ਦੱਸਣਾ ਜ਼ਰੂਰੀ ਹੈ।

ਪੁਲਿਸ ਕਿਸੇ ਮੈਡੀਕਲ ਪੇਸ਼ੇਵਰ ਨੂੰ ਤੁਹਾਡੀ ਜਾਂਚ ਕਰਨ ਲਈ ਕਹਿ ਸਕਦੀ ਹੈ। ਇਹ ਯਕੀਨੀ ਬਣਾਏਗਾ ਕਿ ਹਿਰਾਸਤ ਵਿੱਚ ਹੁੰਦੇ ਹੋਏ ਤੁਹਾਡੀ ਸਹੀ ਦੇਖਭਾਲ ਕੀਤੀ ਜਾ ਰਹੀ ਹੈ। ਜੇਕਰ ਤੁਸੀਂ ਮੈਡੀਕਲ ਪੇਸ਼ੇਵਰ ਨੂੰ ਮਿਲਣਾ ਚਾਹੁੰਦੇ ਹੋ ਤਾਂ ਪੁਲਿਸ ਨੂੰ ਦੱਸੋ।

ਜੇਕਰ ਤੁਸੀਂ ਬਿਮਾਰ ਹੋ ਜਾਂਦੇ ਹੋ, ਤਾਂ ਤੁਹਾਨੂੰ ਮੈਡੀਕਲ ਸਹਾਇਤਾ ਪ੍ਰਾਪਤ ਕਰਨ ਦਾ ਹੱਕ ਹੈ।

- **ਖਾਣਾ-ਪੀਣਾ**

ਪਾਣੀ ਮੰਗਣ 'ਤੇ ਤੁਹਾਨੂੰ ਪਾਣੀ ਦਿੱਤਾ ਜਾਵੇਗਾ। ਜੇਕਰ ਤੁਸੀਂ ਚਾਰ ਘੰਟੇ ਤੋਂ ਵੱਧ ਸਮੇਂ ਤੱਕ ਹਿਰਾਸਤ ਵਿੱਚ ਰਹਿੰਦੇ ਹੋ ਤਾਂ ਤੁਹਾਨੂੰ ਭੋਜਨ ਦਿੱਤਾ ਜਾਵੇਗਾ। ਜੇਕਰ ਤੁਹਾਡੀਆਂ ਕੋਈ ਖੁਰਾਕ ਸੰਬੰਧੀ ਜਾਂ ਧਾਰਮਿਕ ਜ਼ਰੂਰਤਾਂ ਹਨ ਤਾਂ ਜਲਦ ਤੋਂ ਜਲਦ ਪੁਲਿਸ ਨੂੰ ਦੱਸੋ।

- **ਸ਼ਿਕਾਇਤ ਕਰਨਾ**

ਜੇਕਰ ਤੁਸੀਂ ਹਿਰਾਸਤ ਵਿੱਚ ਹੋਣ ਦੌਰਾਨ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਸੇ ਉੱਚ ਦਰਜੇ ਦੇ ਵਿਅਕਤੀ ਜਾਂ ਇਨਸਪੈਕਟਰ ਨਾਲ ਗੱਲ ਕਰੋ। ਜੇਕਰ ਤੁਸੀਂ ਰਿਹਾ ਹੋਣ ਤੋਂ ਬਾਅਦ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਕਿਸੇ ਵੀ ਪੁਲਿਸ ਸਟੇਸ਼ਨ ਵਿੱਚ ਜਾ ਸਕਦੇ ਹੋ ਜਾਂ 101 'ਤੇ ਕਾਲ ਕਰ ਸਕਦੇ ਹੋ। ਤੁਸੀਂ ਖੁਦ ਵੱਲੋਂ ਕਿਸੇ ਹੋਰ ਨੂੰ ਸ਼ਿਕਾਇਤ ਕਰਨ ਲਈ ਵੀ ਕਹਿ ਸਕਦੇ ਹੋ ਜਦੋਂ ਤੱਕ ਤੁਸੀਂ ਉਨ੍ਹਾਂ ਨੂੰ ਲਿਖਤੀ ਵਿੱਚ ਆਪਣੀ ਸਹਿਮਤੀ ਨਹੀਂ ਦੇ ਦਿੰਦੇ। ਇਹ ਮਾਤਾ-ਪਿਤਾ, ਦੋਸਤ, ਜੀਵਨਸਾਥੀ ਜਾਂ ਤੁਹਾਡਾ ਕੋਈ ਵੀ ਭਰੋਸੇਮੰਦ ਵਿਅਕਤੀ ਹੋ ਸਕਦਾ ਹੈ।

ਜੇਕਰ ਤੁਹਾਡੀ ਗ੍ਰਿਫਤਾਰੀ ਦੌਰਾਨ ਜਾਂ ਪੁਲਿਸ ਹਿਰਾਸਤ ਵਿੱਚ ਹੋਣ ਦੌਰਾਨ ਕਿਸੇ ਪੁਲਿਸ ਅਧਿਕਾਰੀ ਵੱਲੋਂ ਤੁਹਾਨੂੰ ਨੁਕਸਾਨ ਜਾਂ ਸੱਟ ਪਹੁੰਚਾਈ ਜਾਂਦੀ ਹੈ, ਤਾਂ ਤੁਹਾਨੂੰ ਪੁਲਿਸ ਸਕਾਟਲੈਂਟ ਪੇਸ਼ੇਵਰ ਸਟੈਂਡਰਡ ਵਿਭਾਗ ਨੂੰ ਸ਼ਿਕਾਇਤ ਕਰਨੀ ਚਾਹੀਦੀ ਹੈ।

## ਜੇਕਰ ਤੁਹਾਨੂੰ ਵਾਧੂ ਸਹਾਇਤਾ ਚਾਹੀਦੀ ਹੈ (ਕਿਰਪਾ ਕਰਕੇ ਧਿਆਨ ਦਿਓ, ਇਹ ਸਿਰਫ਼ ਸੇਵਾ ਬਾਰੇ ਜਾਣਕਾਰੀ ਹੈ ਅਤੇ ਕੋਈ ਹੱਕ ਨਹੀਂ ਹੈ):

ਤੁਹਾਡੇ ਪੁਲਿਸ ਸਟੇਸ਼ਨ ਵਿੱਚ ਹੋਣ ਦੌਰਾਨ ਉੱਥੇ ਕੀ ਹੋ ਰਿਹਾ ਹੈ ਉਸਨੂੰ ਸਮਝਣ ਵਿੱਚ ਤੁਹਾਨੂੰ ਸਹਾਇਤਾ ਦੀ ਲੋੜ ਹੋ ਸਕਦੀ ਹੈ। ਇਹ ਸਹਾਇਤਾ ਕਿਸੇ ਸਹਾਇਕ ਵਿਅਕਤੀ ਦੁਆਰਾ ਪ੍ਰਦਾਨ ਕੀਤੀ ਜਾ ਸਕਦੀ ਹੈ ਜਿਸ ਨੂੰ ਉਪਯੁਕਤ ਬਾਲਗ ਕਿਹਾ ਜਾਂਦਾ ਹੈ। ਜੇਕਰ ਤੁਹਾਨੂੰ ਕੋਈ ਮਾਨਸਿਕ ਵਿਕਾਰ ਜਾਂ ਸਿੱਖਣ ਸੰਬੰਧੀ ਅਪਾਹਜਤਾਤਾ ਹੈ ਤਾਂ ਇਹ ਲਾਗੂ ਹੁੰਦਾ ਹੈ। ਜੇਕਰ ਤੁਹਾਨੂੰ ਇਸ ਸਹਾਇਤਾ ਦੀ ਲੋੜ ਹੈ ਤਾਂ ਪੁਲਿਸ ਨਾਲ ਗੱਲ ਕਰੋ।

ਜੇਕਰ ਪੁਲਿਸ ਨੂੰ ਲੱਗਦਾ ਹੈ ਕਿ ਤੁਹਾਨੂੰ ਉਪਯੁਕਤ ਬਾਲਗ ਦੀ ਸਹਾਇਤਾ ਚਾਹੀਦੀ ਹੈ, ਤਾਂ ਉਹ ਮਿਲਣ ਲਈ ਕਿਸੇ ਨੂੰ ਬੁਲਾਉਣਗੇ, ਭਾਵੇਂ ਤੁਸੀਂ ਇਸ ਲਈ ਨਹੀਂ ਕਿਹਾ ਹੈ।

## 2. ਉਨ੍ਹਾਂ ਲੋਕਾਂ ਲਈ ਜਾਣਕਾਰੀ ਜਿਨ੍ਹਾਂ ਤੋਂ ਪੁਲਿਸ ਵੱਲੋਂ ਸਵਾਲ ਪੁੱਛੇ ਜਾਣਗੇ

- **ਸਹਾਇਤਾ ਲਈ ਵਕੀਲ ਨੂੰ ਕਹਿਣਾ**

ਜੇਕਰ ਤੁਸੀਂ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ ਤਾਂ ਪੁਲਿਸ ਨੂੰ ਦੱਸੋ। ਪੁਲਿਸ ਜਲਦ ਤੋਂ ਜਲਦ ਤੁਹਾਡੇ ਲਈ ਕਿਸੇ ਵਕੀਲ ਨਾਲ ਸੰਪਰਕ ਕਰੇਗੀ।

ਵਕੀਲ ਦਾ ਕੰਮ ਤੁਹਾਡੇ ਹੱਕਾਂ ਦੀ ਸੁਰੱਖਿਆ ਕਰਨਾ ਅਤੇ ਤੁਹਾਨੂੰ ਕਨੂੰਨ ਬਾਰੇ ਸਲਾਹ ਪ੍ਰਦਾਨ ਕਰਨਾ ਹੁੰਦਾ ਹੈ।

ਤੁਸੀਂ ਆਪਣੇ ਜਾਣ-ਪਛਾਣ ਦੇ ਵਕੀਲ ਨਾਲ ਜਾਂ ਆਨ-ਕਾਲ ਵਕੀਲ ਨਾਲ ਗੱਲ ਕਰ ਸਕਦੇ ਹੋ। ਇਹ ਵਕੀਲ ਸੁਤੰਤਰ ਹੁੰਦਾ ਹੈ ਅਤੇ ਪੁਲਿਸ ਲਈ ਕੰਮ ਨਹੀਂ ਕਰਦਾ ਹੈ।

ਵਕੀਲ ਤੁਹਾਨੂੰ ਦੱਸੇਗਾ ਕਿ ਉਹ ਤੁਹਾਨੂੰ ਮੁਫ਼ਤ ਵਿੱਚ ਸਲਾਹ ਦੇ ਸਕਦਾ ਹੈ ਜਾਂ ਤੁਹਾਨੂੰ ਸਲਾਹ ਲਈ ਫੀਸ ਭਰਨੀ ਪਵੇਗੀ ਜਾਂ ਨਹੀਂ। ਜੇਕਰ ਤੁਹਾਨੂੰ ਫੀਸ ਭਰਨੀ ਪੈਂਦੀ ਹੈ, ਤਾਂ ਉਹ ਦੱਸੇਗਾ ਕਿ ਇਸਦਾ ਕਿੰਨਾ ਖ਼ਰਚਾ ਹੋਵੇਗਾ ਅਤੇ ਤੁਸੀਂ ਇਸ ਲਈ ਕਿਵੇਂ ਭੁਗਤਾਨ ਕਰ ਸਕਦੇ ਹੋ। ਪੁਲਿਸ ਤੁਹਾਡੇ ਵਕੀਲ ਲਈ ਭੁਗਤਾਨ ਨਹੀਂ ਕਰੇਗੀ ਜਾਂ ਇਸ ਬਾਰੇ ਗੱਲਬਾਤ ਨਹੀਂ ਕਰੇਗੀ ਕਿ ਤੁਹਾਡੇ ਵਕੀਲ ਨੂੰ ਕਿਵੇਂ ਭੁਗਤਾਨ ਕਰਨਾ ਹੈ।

ਪੁਲਿਸ ਵੱਲੋਂ ਤੁਹਾਡੇ ਤੋਂ ਸਵਾਲ ਪੁੱਛਣ ਤੋਂ ਪਹਿਲਾਂ ਤੁਸੀਂ ਵਕੀਲ ਨਾਲ ਇਕੱਲੇ ਵਿੱਚ ਗੱਲਬਾਤ ਕਰ ਸਕਦੇ ਹੋ, ਜਦੋਂ ਤੱਕ ਸੁਰੱਖਿਆ ਕਾਰਨਾਂ ਕਰਕੇ, ਕਿਸੇ ਮਾਮਲੇ ਜਾਂ ਅਤਿਅੰਤ ਜ਼ਰੂਰੀ ਹੋਣ 'ਤੇ ਤੁਹਾਡੇ ਤੋਂ ਸਵਾਲ ਪੁੱਛੇ ਜਾਣ ਦੀ ਲੋੜ ਨਾ ਪਵੇ।

ਤੁਸੀਂ ਕਿਸੇ ਵੀ ਸਮੇਂ ਵਕੀਲ ਨਾਲ ਗੱਲਬਾਤ ਕਰਨ ਦਾ ਆਪਣਾ ਮਨ ਬਦਲ ਸਕਦੇ ਹੋ। ਜਲਦ ਤੋਂ ਜਲਦ ਪੁਲਿਸ ਨੂੰ ਦੱਸੋ ਅਤੇ ਉਹ ਤੁਹਾਡੇ ਲਈ ਵਕੀਲ ਨਾਲ ਸੰਪਰਕ ਕਰੇਗੀ।

ਜੇਕਰ ਵਕੀਲ ਪੁਲਿਸ ਵੱਲੋਂ ਤੁਹਾਨੂੰ ਦੱਸੇ ਗਏ ਸਮੇਂ 'ਤੇ ਪੁਲਿਸ ਸਟੇਸ਼ਨ ਨਹੀਂ ਆਉਂਦਾ ਹੈ ਜਾਂ ਤੁਸੀਂ ਵਕੀਲ ਨਾਲ ਦੁਬਾਰਾ ਗੱਲ ਕਰਨਾ ਚਾਹੁੰਦੇ ਹੋ, ਤਾਂ ਪੁਲਿਸ ਨੂੰ ਵਕੀਲ ਨਾਲ ਦੁਬਾਰਾ ਸੰਪਰਕ ਕਰਨ ਲਈ ਕਹੋ।

ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛਦੀ ਹੈ ਤਾਂ ਤੁਹਾਨੂੰ ਕਮਰੇ ਵਿੱਚ ਵਕੀਲ ਨੂੰ ਆਪਣੇ ਨਾਲ ਰੱਖਣ ਦਾ ਹੱਕ ਹੈ, ਜਦੋਂ ਤੱਕ ਸੁਰੱਖਿਆ ਕਾਰਨਾਂ ਕਰਕੇ, ਵਕੀਲ ਦੇ ਹਾਜ਼ਰ ਹੋਣ ਤੋਂ ਪਹਿਲਾਂ ਤੁਹਾਡੇ ਤੋਂ ਜ਼ਰੂਰੀ ਸਵਾਲ ਪੁੱਛੇ ਜਾਣ ਦੀ ਲੋੜ ਨਹੀਂ ਹੁੰਦੀ।

## • ਤੁਹਾਨੂੰ ਪੁੱਛਗਿੱਛ ਲਈ ਕਿੰਨੇ ਸਮੇਂ ਵਾਸਤੇ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ?

ਪੁਲਿਸ ਕਿਸੇ ਅਪਰਾਧ ਦਾ ਦੋਸ਼ੀ ਠਹਿਰਾਏ ਬਿਨਾਂ ਤੁਹਾਨੂੰ 48 ਘੰਟਿਆਂ ਤੱਕ ਪੁੱਛਗਿੱਛ ਲਈ ਹਿਰਾਸਤ ਵਿੱਚ ਰੱਖ ਸਕਦੀ ਹੈ। ਕਈ ਵਾਰ ਇਹ ਦੇਖਣ ਲਈ ਇੱਕ ਸੀਨੀਅਰ ਪੁਲਿਸ ਅਧੀਕਾਰੀ ਨੂੰ ਤੁਹਾਡੇ ਕੇਸ ਦੀ ਜਾਂਚ ਕਰਨੀ ਪੈਂਦੀ ਹੈ ਕਿ ਤੁਹਾਨੂੰ ਹਿਰਾਸਤ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਇਸਨੂੰ ਸਮੀਖਿਆ ਕਹਿੰਦੇ ਹਨ। ਤੁਹਾਨੂੰ 48 ਘੰਟੇ ਤੋਂ ਵੱਧ ਸਮੇਂ ਲਈ ਸਿਰਫ਼ ਤਾਂ ਹੀ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਜੇਕਰ ਅਦਾਲਤ ਕਹਿੰਦੀ ਹੈ। ਅਦਾਲਤ ਬਿਨਾਂ ਕਿਸੇ ਅਪਰਾਧ ਦੇ ਤੁਹਾਡੀ ਗ੍ਰਿਫਤਾਰੀ ਤੋਂ ਬਾਅਦ ਵੱਧ ਤੋਂ ਵੱਧ 14 ਦਿਨਾਂ ਤੱਕ ਦੇ ਸਮੇਂ ਲਈ ਤੁਹਾਡੇ ਹਿਰਾਸਤ ਦੇ ਸਮੇਂ ਨੂੰ ਵਧਾ ਸਕਦੀ ਹੈ। ਇਨ੍ਹਾਂ ਸਥਿਤੀਆਂ ਵਿੱਚ ਤੁਹਾਨੂੰ ਇਹ ਪ੍ਰਦਾਨ ਕਰਨਾ ਪਵੇਗਾ:

- ਲਿਖਤੀ ਦਸਤਾਵੇਜ਼ ਕਿ ਤੁਹਾਡੀ ਹਿਰਾਸਤ ਦੇ ਸਮੇਂ ਨੂੰ ਵਧਾਉਣ ਦੀ ਅਰਜ਼ੀ ਦੇ ਦਿੱਤੀ ਗਈ ਹੈ;
- ਅਰਜ਼ੀ ਕੀਤੇ ਜਾਣ ਦਾ ਸਮਾਂ;
- ਉਹ ਸਮਾਂ ਜਦੋਂ ਅਰਜ਼ੀ ਦੀ ਅਦਾਲਤ ਵਿੱਚ ਸੁਣਵਾਈ ਹੋਵੇਗੀ; ਅਤੇ
- ਹਿਰਾਸਤ ਨੂੰ ਹੋਰ ਵਧਾਉਣ ਦੀ ਮੰਗ ਦਾ ਕਾਰਨ।

ਹਰ ਵਾਰ ਜਦੋਂ ਤੁਹਾਡੀ ਹਿਰਾਸਤ ਨੂੰ ਹੋਰ ਵਧਾਉਣ ਲਈ ਕੋਈ ਅਰਜ਼ੀ ਦਿੱਤੀ ਜਾਵੇਗੀ ਤਾਂ ਤੁਹਾਨੂੰ (ਅਤੇ ਤੁਹਾਡੇ ਕਨੂੰਨੀ ਪ੍ਰਤੀਨਿਧੀ) ਨੂੰ ਇੱਕ ਨੋਟਿਸ ਪ੍ਰਦਾਨ ਕੀਤਾ ਜਾਵੇਗਾ।

ਤੁਹਾਨੂੰ ਅਤੇ ਤੁਹਾਡੇ ਵਕੀਲ ਨੂੰ ਇਸ ਫ਼ੈਸਲੇ ਬਾਰੇ ਆਪਣੀ ਗੱਲ ਕਹਿਣ ਦਾ ਹੱਕ ਹੈ, ਜਦੋਂ ਤੱਕ ਤੁਸੀਂ ਤੰਦਰੁਸਤ ਸਥਿਤੀ ਵਿੱਚ ਨਹੀਂ ਹੋ। ਵਕੀਲ ਇਸ ਬਾਰੇ ਤੁਹਾਨੂੰ ਸਲਾਹ ਦੇ ਸਕਦਾ ਹੈ।

- **ਸੁਤੰਤਰ ਕਸਟਡੀ ਵਿਜ਼ਿਟਰ**

ਭਾਈਚਾਰੇ ਦੇ ਕੁੱਝ ਮੈਂਬਰ ਹੁੰਦੇ ਹਨ ਜਿਨ੍ਹਾਂ ਨੂੰ ਪੁਲਿਸ ਸਟੇਸ਼ਨ ਵਿੱਚ ਆਉਣ ਦਾ ਹੱਕ ਹੁੰਦਾ ਹੈ। ਉਨ੍ਹਾਂ ਨੂੰ ਸੁਤੰਤਰ ਕਸਟਡੀ ਵਿਜ਼ਿਟਰ ਕਿਹਾ ਜਾਂਦਾ ਹੈ ਅਤੇ ਉਹ ਆਪਣੀ ਇੱਛਾ ਨਾਲ ਕੰਮ ਕਰਦੇ ਹਨ ਤਾਂਕਿ ਯਕੀਨੀ ਬਣਾਇਆ ਜਾ ਸਕੇ ਕਿ ਹਿਰਾਸਤ ਵਿੱਚ ਲਏ ਲੋਕਾਂ ਨਾਲ ਸਹੀ ਵਿਵਹਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਹੱਕ ਤੱਕ ਪਹੁੰਚ ਹੈ।

ਤੁਹਾਨੂੰ ਕਿਸੇ ਵੀ ਸੁਤੰਤਰ ਕਸਟਡੀ ਵਿਜ਼ਿਟਰ ਨਾਲ ਮਿਲਣ ਜਾਂ ਉਨ੍ਹਾਂ ਨੂੰ ਮਿਲਣ ਲਈ ਕਹਿਣ ਦਾ ਹੱਕ ਨਹੀਂ ਹੁੰਦਾ ਪਰ ਵਿਜ਼ਿਟਰ ਤੁਹਾਨੂੰ ਮਿਲਣ ਲਈ ਕਹਿ ਸਕਦਾ ਹੈ। ਜੇਕਰ ਤੁਹਾਡੇ ਹਿਰਾਸਤ ਵਿੱਚ ਹੋਣ ਦੌਰਾਨ ਕੋਈ ਸੁਤੰਤਰ ਕਸਟਡੀ ਵਿਜ਼ਿਟਰ ਤੁਹਾਨੂੰ ਮਿਲਣ ਲਈ ਆਉਂਦਾ ਹੈ ਤਾਂ ਉਹ ਇਹ ਜਾਂਚ ਕਰਨ ਲਈ ਪੁਲਿਸ ਤੋਂ ਸੁਤੰਤਰ ਹੋਕੇ ਕਾਰਵਾਈ ਕਰੇਗਾ ਕਿ ਤੁਹਾਡੀ ਸਲਾਮਤੀ ਅਤੇ ਅਧਿਕਾਰਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ। ਤੁਸੀਂ ਉਨ੍ਹਾਂ ਨਾਲ ਗੱਲ ਕਰਨੀ ਹੈ ਜਾਂ ਨਹੀਂ ਇਹ ਤੁਹਾਡੀ ਮਰਜੀ ਹੁੰਦੀ ਹੈ।